ਇਮੀਗ੍ਰੈਂਟ ਡਿਫੈਂਸ ਪ੍ਰੋਜੈਕਟ (ਪਰਵਾਸੀ ਸੁਰੱਖਿਆ ਅਭਿਆਨ) ਭਾਈਚਾਰੇ ਵਿਚ ਇਮਿੰਗਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈ.ਸੀ.ਈ.) ਵਲੋਂ ਹੋਈਆਂ ਗ੍ਰਿਫਤਾਰੀਆਂ ਤੇ ਨਿਗਰਾਨੀ ਰੱਖ ਰਿਹਾ ਹੈ।

# ਆਈ.ਸੀ.ਈ ਦੁਆਰਾ ਆਪਣੇ ਹੱਕਾਂ ਨੂੰ ਪਛਾਣੋਂ

## ਕਿਹੜੇ ਵਾਸੀਆਂ ਨੂੰ ਆਈ.ਸੀ.ਈ. ਵਲੋਂ ਗਿਰ੍ਫਤਾਰ ਹੋਣ ਦਾ ਖਤਰਾ ਹੈ ?



**ਕਾਨੂੰਨ ਫੈਡਰਲ ਸਰਕਾਰ ਨੂੰ ਕੁਝ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੀ ਇਜਾਜ਼ਤ ਦਿੰਦਾ ਹੈ, ਜਿਵੇ ਕਿ:**

- ਗ਼ੈਰ-ਕਨੂੰਨੀ ਇਮੀਗ੍ਰੇਸ਼ਨ ਸਟੇਟਸ ਵਾਲੇ ਵਾਸੀ;
- ਸਟੇਟਸ ਵਾਲੇ ਵਾਸੀ (ਜਿਵੇ ਕਿ: ਸਜ਼ਾ ਯਾਫਤਾ ਪੱਕੇ ਵਾਸੀ (ਲੀਗਲ ਪਰਮਾਨੈਂਟ ਰੇਸੀਡੈਂਟ), ਰਿਫ਼ਊਜੀ, ਅਤੇ ਜਿਹੜੇ ਵਾਸੀਆਂ ਕੋਲ ਵੀਜ਼ਾ ਹੈ) ਜਿਹਨਾਂ ਨੂੰ ਕਈ ਤਰਾਂ ਦੀ ਕ੍ਰਿਮੀਨਲ ਸਜ਼ਾ ਹੋਈ ਹੈ;

**ਟਰੰਪ ਸਰਕਾਰ ਦੇ ਇਲਾਨ ਅਨੁਸਾਰ ਆਈ.ਸੀ.ਈ. ਵੱਲੋ ਉਸ ਵਾਸੀਆਂ ਨੂੰ ਡਿਪੋਰਟ ਕਰਨ ਤੇ ਧਿਆਨ ਦਿੱਤਾ ਜਾਵੇਗਾ ਜੋ:**

- ਜਿਹਨਾਂ ਦਾ ਕ੍ਰਿਮੀਨਲ ਕੇਸ ਚਲ ਰਿਹਾ ਹੈ ਜਾਂ ਜਿਹਨਾਂ ਨੂੰ ਪਿਹਲਾਂ ਕ੍ਰਿਮੀਨਲ ਸਜ਼ਾ ਮਿਲੀ ਹੈ;
- ਜਿਹੜੇ ਵਾਸੀਆਂ ਨੂੰ ਅਖੀਰ ਦੇਸ਼ ਨਿਕਾਲੇ ਦੇ ਹੁਕਮ ਹੋਏ ਹਨ;
- ਜਿਹਨਾਂ ਵਾਸੀਆਂ ਨੇ ਸਰਕਾਰੀ ਪਤਰ (ਐਪਲੀਕੇਛਨ) ਵਿਚ ਗਲਤ ਬਿਆਨੀ ਦਿਤੀ ਹੈ;
- ਜੋ ਵਾਸੀ ਸਮਾਜਕ ਸਲਾਮਤੀ ਜਾਂ ਦੇਸ਼ ਦੀ ਸੁਰੱਖਿਆ ਨੂੰ ਖਤਰਾ ਪੇਸ਼ ਕਰਦੇ ਹਨ।

**ਉਨਾਂ ਵਾਸੀਆਂ ਲਈ ਜਿਹਨਾ ਕੋਲ ਲੀਗਲ ਸਟੇਟਸ ਹੈ ਅਤੇ ਪਿਹਲਾਂ ਸਜਾ ਵੀ ਹੋਈ ਹੈ:**

**ਖ਼ਬਰਦਾਰ**: ਤੁਸੀਂ ਸ਼ਿਕਾਰ ਹੋ ਸਕਦੇ ਹੋ ਬੇਸ਼ੱਕ

- ਤੁਹਾਡੀ ਸਜ਼ਾ ਨੂੰ ਕਈ ਸਾਲ ਗੁਜ਼ਰ ਗਏ ਹਨ
- ਤੁਸੀਂ ਜੇਲ੍ਹ ਨਹੀਂ ਗਏ
- ਤੁਹਾਡਾ ਮਾਮੂਲੀ ਜੁਰਮ ਸੀ ਜਾਂ ਸਿਰਫ "ਮਿਸਡੀਮੀਨਰ" ਹੀ ਸੀ
- ਤੁਸੀਂ ਕਈ ਸਾਲਾਂ ਤੋਂ ਕਨੂੰਨੀ ਪੱਕੇ ਵਾਸੀ (ਲੀਗਲ ਪਰਮਾਨੈਂਟ ਰੇਸੀਡੈਂਟ) ਹੋ ; ਅਤੇ/ਜਾਂ
- ਤੁਹਾਡਾ ਬਾਕੀ ਸਾਰਾ ਪਰਿਵਾਰ ਸਿਟੀਜ਼ਨ ਹੈ

**ਇਮਿੰਗਰੇਸਨ ਐਂਡ ਕਸਟਮਜ ਐਨਫੋਰਸਮੈਂਟ (ਆਈ.ਸੀ.ਈ.) ਇੱਕ ਸਰਕਾਰੀ ਏਜੰਸੀ ਹੈ ਜੋ ਲੋਕਾਂ ਨੂੰ ਡਿਪੋਰਟ ਕਰਨ ਦਾ ਕੰਮ ਕਰਦੀ ਹੈ। ਇਹ ਹੋਮਲੈਂਡ ਸਕਿਉਰਿਟੀ ਵਿਭਾਗ ਦਾ ਹਿੱਸਾ ਹੈ।**

## ਕੀ ਆਈ.ਸੀ.ਈ. ਅਧਿਕਾਰੀ ਸਿਰਫ ਉਸ ਵਿਅਕਤੀ ਤੱਕ ਪਹੁੰਚ ਕਰਦੇ ਹਨ ਜਿਸ ਨੂੰ ਉਹ ਡਿਪੋਰਟ ਕਰ ਸਕਦੇ ਹਨ ?

ਆਈ.ਸੀ.ਈ. ਅਧਿਕਾਰੀ ਕਿਸੇ ਵੀ ਵਿਅਕਤੀ ਨੂੰ ਗ੍ਰਿਫਤਾਰ ਕਰਨ ਤੋਂ ਪਹਿਲਾਂ ਛਾਣਬੀਣ ਕਰਕੇ ਪਹਿਚਾਣ ਲੈਂਦੇ ਹਨ ਫਿਰ ਉਹ ਘਰ, ਕੋਰਟ-ਹਾਉਸ, ਸ਼ੈਲਟਰ ਅਤੇ ਨੌਕਰੀ ਵਾਲੀ ਜਗ੍ਹਾ ਤੇ ਜਾ ਕੇ ਉਸ ਵਿਅਕਤੀ ਦੀ ਭਾਲ ਕਰਦੇ ਹਨ। ਕਦੇ ਕਦਾਈਂ ਉਹ ਸੜਕ ਤੇ ਖੜੇ ਹੋ ਕੇ ਵਿਅਕਤੀ ਦੇ ਆਉਣ ਦੀ ਵੀ ਉਡੀਕ ਕਰ ਸਕਦੇ ਹਨ।

## ਜੇ ਮੈਨੂੰ ਲੱਗੇ ਮੈਂ ਖਤਰੇ ਵਿਚ ਹਾਂ, ਮੈਂ ਕੀ ਕਰ ਸਕਦੀ ਹਾਂ ?

- ਆਪਣੇ ਪਿਆਰਿਆਂ ਨਾਲ ਯੋਜਨਾ ਬਣਾ ਕੇ ਰੱਖੋ; ਜੇਕਰ ਤੁਹਾਡੀ ਗਿਰਫਤਾਰੀ ਹੋ ਜਾਂਦੀ ਹੈ !
- ਇਮੀਗ੍ਰੇਸ਼ਨ ਤੋਂ ਬਚ ਕੇ - ਬਿਨਾ ਵਕੀਲ ਦੀ ਸਲਾਹ ਤੋਂ ਆਪਣੇ ਇਮੀਗ੍ਰੇਸ਼ਨ ਸਟੇਟਸ ਨੂੰ ਬਦਲਣ ਦੀ, ਅਮਰੀਕਾ ਤੋਂ ਬਾਹਰ ਜਾਣ ਦੀ, ਗਰੀਨ ਕਾਰਡ ਬਦਲਣ, ਆਦਿ ਦੀ ਕੋਸ਼ਿਸ਼ ਨਾ ਕਰੋ।
- ਕ੍ਰਿਮੀਨਲ ਜਸਟਿਸ ਸਿਸਟਮ ਤੋਂ ਬਚ ਕੇ (ਪੁਲਿਸ ਤੁਹਾਡੀ ਫਿੰਗਰਪ੍ਰਿੰਟ ਅੱਗੇ ਇਮਮਿੰਗਰੇਸ਼ਨ ਨੂੰ ਦੇ ਸਕਦੀ ਹੈ)

## ਜੇ ਤੁਸੀ ਜਾਂ ਤੁਹਾਡੇ ਕੋਈ ਆਪਣੇ ਡਿਪੋਰਟ ਕੀਤੇ ਜਾ ਸਕਦੇ ਹਨ, ਯੋਜਨਾ ਤਿਆਰ ਰੱਖੋ !

ਆਪਣੇ ਹੱਕਾਂ ਬਾਰੇ ਜਾਣਕਾਰੀ ਰੱਖਣੀ ਅਤੇ ਅਮਲ ਕਰਨਾ ਮੁਸ਼ਕਿਲ ਹੋ ਸਕਦਾ ਹੈ।

ਵਧੇਰੇ ਜਾਣਕਾਰੀ ਲਈ ਇਮਿੰਗਰੈਂਟ ਡਿਫੈਂਸ ਪ੍ਰੋਜੈਕਟ (ਪਰਵਾਸੀ ਸੁਰੱਖਿਆ ਅਭਿਆਨ) ਦੀ ਵਿਸਥਾਰ ਕਿਤਾਬ ਪੜ੍ਹੋ - immdefense.org/ice-arrests ਜਾਂ ਸੰਪਰਕ ਕਰੋ - KYR@immdefense.org

ਜੇ ਤੁਸੀਂ ਕਿਸੇ ਨਿਊ-ਯਾਰਕ ਵਿਚ ਛਾਪੇ ਦੀ ਜਾਣਕਾਰੀ ਦੇਣੀ ਹੈ, ਸੰਪਰਕ ਕਰੋ: 212-725-6422

ਜੇ ਤੁਸੀਂ ਨਿਊ-ਯਾਰਕ ਤੋਂ ਬਾਹਰ ਕਿਸੇ ਛਾਪੇ ਦੀ ਜਾਣਕਾਰੀ ਦੇਣੀ ਹੈ, ਸੰਪਰਕ ਕਰੋ: 1-844-363-1423

ਇਹ ਸੂਚਨਾ ਸਿਰਫ ਜਾਣਕਾਰੀ ਹਿੱਤ ਹੈ ਅਤੇ ਇਸ ਨੂੰ ਕਨੂੰਨੀ ਸਲਾਹ ਵਜੋਂ ਨਾ ਮੰਨਿਆ ਜਾਵੇ।

## ਜੇ ਮੈਨੂੰ ਆਈ.ਸੀ.ਈ ਏਜੰਟ ਸੜਕ ਤੇ ਜਾਂ ਪਬਲਿਕ ਜਗਹ੍ਹ ਤੇ ਮਿਲਦੇ ਹਨ, ਤਾਂ ਕੀ ਕਰਨਾ ਚਾਹੀਦਾ ਹੈ ?

ਜੇ ਆਈ.ਸੀ.ਈ. ਅਧਿਕਾਰੀ ਪਬਲਿਕ ਵਿਚ ਕਿਸੇ ਦੀ ਗਿਰਫਤਾਰੀ ਬੜੀ ਫੁਰਤੀ ਨਾਲ ਕਰਦੇ ਹਨ। ਉਹ ਤੁਹਾਡਾ ਨਾਮ ਉੱਚੀ ਆਵਾਜ਼ ਵਿਚ ਲੈ ਕੇ ਪੱਕਾ ਕਰਨਗੇ, ਤੇ ਫੇਰ ਗਿਰਫ਼ਤਾਰ ਕਰਨਗੇ।

- ਆਪਣਾ ਨਾਮ ਲੈਣ ਤੋਂ ਪਹਿਲਾਂ ਜਾਂ ਕੁਝ ਵੀ ਕਹਿਣ ਤੋਂ ਪਹਿਲਾਂ, **ਪੁਛੋ "ਕੀ ਮੈਂ ਜਾ ਸਕਦਾ ਹਾਂ ?"**
  - **ਜੇ ਉਹ ਕਹਿਣ "ਹਾਂ"**: ਤੁਸੀਂ ਕਹਿ ਸਕਦੇ ਹੋ - " ਮੈਂ ਤੁਹਾਡੇ ਸਵਾਲਾਂ ਦੇ ਜਵਾਬ ਨਹੀਂ ਦੇਣਾ ਚਾਹੁੰਗਾ" ਜਾਂ "ਮੈਂ ਤੁਹਾਡੇ ਨਾਲ ਇਸ ਵਕਤ ਗੱਲਬਾਤ ਨਹੀਂ ਕਰਨਾ ਚਾਹੁੰਦਾ". ਕਹਿ ਕੇ ਓਹਨਾ ਤੋਂ ਦੂਰ ਚਲੇ ਜਾਓ।
  - **ਜੇ ਉਹ ਕਹਿਣ "ਨਹੀਂ"**: ਆਪਣਾ ਚੁੱਪ ਰਹਿਣ ਦਾ ਹੱਕ ਵਰਤੋ। ਕਹੋ " ਮੈਂ ਤੁਹਾਡੇ ਸਵਾਲਾਂ ਦੇ ਜਵਾਬ ਨਾ ਦੇਣ ਦਾ ਹੱਕ ਵਰਤਣਾ ਚਾਹੁੰਦਾ ਹਾਂ" ਅਤੇ ਫੇਰ "ਮੈਂ ਆਪਣੇ ਵਕੀਲ ਨਾਲ ਗੱਲ ਕਰਨਾ ਚਾਹੁੰਦਾ ਹਾਂ"
- ਜੇ ਉਹ ਤੁਹਾਡੀ ਤਲਾਸ਼ੀ ਲੈਣੀ ਸ਼ੁਰੂ ਕਰ ਦੇਣ, ਕਹਿ ਸਕਦੇ ਹੋ, "**ਮੈਂ ਤੁਹਾਨੂੰ ਤਲਾਸ਼ੀ ਲੈਣ ਦੀ ਇਜਾਜ਼ਤ ਨਹੀਂ ਦਿੰਦਾ**"
- **ਝੂਠ ਨਾ ਬੋਲੋ। ਫਰਜ਼ੀ ਦਸਤਾਵੇਜ਼ ਨਾ ਦਿਖਾਓ। ਭੱਜੋ ਨਾ। ਗ੍ਰਿਫ਼ਤਾਰੀ ਦਾ ਵਿਰੋਧ ਨਾ ਕਰੋ।**
- ਆਪਣੀ ਇਮੀਗ੍ਰੇਸ਼ਨ ਬਾਰੇ ਕਿਸੇ ਵੀ ਸਵਾਲ ਦਾ ਜਵਾਬ ਨਾ ਦਵੋ। ਤੁਹਾਡੇ ਵਲੋਂ ਦਿਤੀ ਹਰ ਜਾਣਕਾਰੀ ਨੂੰ ਤੁਹਾਡੇ ਖਿਲਾਫ ਵਰਤਿਆ ਜਾ ਸਕਦਾ ਹੈ। ਆਪਣੇ ਪਾਸਪੋਰਟ, ਕੌਂਸੁਲਰ ਪਛਾਣ-ਪੱਤਰ, ਪੁਰਾਣੇ ਵੀਜ਼ਾ - ਓਹਨਾ ਨੂੰ ਨਾ ਫੜਾਓ।
- ਜੇ ਤੁਸੀਂ ਅਦਾਲਤ ਵਿਚ ਆਪਣੀ ਤਰੀਕ ਭੁਗਤ ਰਹੇ ਹੋ, ਆਪਣੇ ਵਕੀਲ ਨਾਲ ਗੱਲ ਕਰਨ ਦੀ ਮੰਗ ਕਰੋ ਉਸ ਤੋਂ ਪਹਿਲਾਂ ਕਿ ਉਹ ਤੁਹਾਨੂੰ ਬੰਦ ਕਰ ਦੇਣ।

## ਜਦੋਂ ਅਫਸਰ ਮੇਰੇ ਘਰ ਆ ਜਾਣ, ਕੀ ਮੈਨੂੰ ਪਤਾ ਚਲ ਜਾਵੇਗਾ ਕਿ ਉਹ ਆਈ.ਸੀ.ਈ. ਤੋਂ ਹਨ ?

ਹਮੇਸ਼ਾਂ ਨਹੀਂ ! ਖ਼ਬਰਦਾਰ: ਆਈ.ਸੀ.ਈ. ਅਧਿਕਾਰੀ ਆਮ ਤੌਰ ਤੇ ਪੁਲਿਸ ਦੇ ਭੇਸ ਵਿਚ ਆ ਕੇ ਤੁਹਾਡੇ ਤੋਂ ਪਛਾਣ-ਚੋਰੀ ਜਾਂ ਕਿਸੇ ਹੋਰ ਕਾਰਵਾਈ ਬਾਰੇ ਗੱਲ ਕਰਨ ਦੀ ਇੱਛਾ ਜਾਹਿਰ ਕਰ ਸਕਦੇ ਹਨ।

## ਕੀ ਆਈ.ਸੀ.ਈ. ਏਜੰਟ ਮੇਰੇ ਘਰ ਵਿਚ ਦਾਖਿਲ ਹੋ ਕੇ ਮੈਨੂੰ ਗਿਰਫਤਾਰ ਕਰ ਸਕਦੇ ਹਨ ?



ਜੇ ਆਈ.ਸੀ.ਈ. ਅਧਿਕਾਰੀ ਕੋਲ ਜੱਜ ਵਲੋਂ ਦਿੱਤਾ ਵਾਰੰਟ ਨਹੀਂ ਹੈ, ਉਹ ਬਿਨਾ ਇਜਾਜ਼ਤ ਤੁਹਾਡੇ ਘਰ ਵਿਚ ਦਾਖਿਲ ਨਹੀਂ ਹੋ ਸਕਦੇ। ਓਹਨਾ ਲਈ ਦਰਵਾਜ਼ਾ ਖੋਲ੍ਹਣਾ, ਅੰਦਰ ਆਉਣ ਦੀ ਇਜਾਜ਼ਤ ਨਹੀਂ ਹੈ।

## ਜਦੋਂ ਅਫਸਰ ਮੇਰੇ ਦਰਵਾਜੇ ਤੇ ਹੋਣ, ਮੈਨੂੰ ਕੀ ਕਰਨਾ ਚਾਹੀਦਾ ਹੈ ?

- ਇਹ ਪਤਾ ਕਰਨ ਦੀ ਕੋਸ਼ਿਸ਼ ਕਰੋ ਕਿ ਉਹ ਡੀ.ਐਚ.ਐਸ. ਜਾਂ ਆਈ.ਸੀ.ਈ. ਤੋਂ ਤਾਂ ਨਹੀਂ ਹਨ।
- ਸ਼ਾਂਤ ਰਹੋ। ਸਲੀਕੇ ਨਾਲ ਪੇਸ਼ ਆਓ। ਝੂਠ ਨਾ ਬੋਲੋ। ਕਹੋ, **"ਮੈਂ ਤੁਹਾਡੇ ਨਾਲ ਹੁਣ ਗੱਲ ਨਹੀਂ ਕਰਨਾ ਚਾਹੁੰਦੀ ।"**
- ਸਲੀਕੇ ਨਾਲ ਓਹਨਾ ਨੂੰ ਵਾਰੰਟ ਦਿਖਾਉਣ ਨੂੰ ਕਹੋ ਜਾਂ ਦਰਵਾਜ਼ੇ ਹੇਠ ਸਰਕਾਉਣ ਨੂੰ ਕਹੋ। ਜੇ ਉਹ ਇਸ ਤੋਂ ਮਨ੍ਹਾ ਕਰ ਦੇਣ, ਉਹਨਾਂ ਨੂੰ ਅੰਦਰ ਆਉਣ ਦੀ ਇਜਾਜ਼ਤ ਨਾ ਦਵੋ।
- ਜੇ ਉਹ ਕਿਸੇ ਹੋਰ ਨੂੰ ਲੱਭ ਰਹੇ ਹੋਣ, ਉਹਨਾਂ ਨੂੰ ਆਪਣੀ ਜਾਣਕਾਰੀ ਛੱਡ ਕੇ ਜਾਣ ਦੀ ਪੇਸ਼ ਕਰੋ। ਤੁਹਾਨੂੰ ਉਸ ਬੰਦੇ ਦਾ ਪਤਾ ਦੱਸਣ ਦੀ ਜ਼ਰੂਰਤ ਨਹੀਂ ਹੈ, ਤੇ ਨਾਂ ਹੀ ਝੂਠ ਬੋਲਣਾ ਚਾਹੀਦਾ ਹੈ ।

## ਹੁਣ ਜੇ ਉਹ ਮੇਰੇ ਘਰ ਅੰਦਰ ਮੈਨੂੰ ਗਿਰਫਤਾਰ ਕਰਨ ਲਈ ਦਾਖਿਲ ਹੋ ਚੁੱਕੇ ਹਨ, ਮੈਂ ਕੀ ਕਰ ਸਕਦਾ ਹਾਂ ?

- ਉਹਨਾਂ ਨੂੰ ਘਰ ਵਿਚ ਬੱਚਿਆਂ ਜਾਂ ਕਮਜ਼ੋਰ ਦਿਲ ਪਰਿਵਾਰਿਕ ਮੈਂਬਰ (ਜੇ ਕੋਈ ਹੈ ) ਬਾਰੇ ਸੂਚਿਤ ਕਰੋ।
- ਅਗਰ ਉਹਨਾਂ ਕੋਲ ਵਾਰੰਟ ਨਹੀਂ ਹੈ, ਸਲੀਕੇ ਨਾਲ ਘਰ ਤੋਂ ਬਾਹਰ ਜਾਣ ਦੀ ਗੁਜ਼ਾਰਿਸ਼ ਕਰੋ।
- ਜੇ ਉਹ ਤੁਹਾਡੀ ਮਰਜ਼ੀ ਬਿਨਾ ਘਰ ਅੰਦਰ ਆਏ ਹਨ, ਕਹੋ, **"ਮੈਂ ਤੁਹਾਨੂੰ ਅੰਦਰ ਆਉਣ ਦੀ ਇਜਾਜ਼ਤ ਨਹੀਂ ਦਿੱਤੀ, ਕਿਰਪਾ ਕਰਕੇ (ਮੇਰੀ ਨਿੱਜੀ ਜਗ੍ਹਾ ਤੋਂ)ਬਾਹਰ ਜਾਓ।"**
- ਜੇ ਉਹਨਾਂ ਨੇ ਤਲਾਸ਼ੀ ਸ਼ੁਰੂ ਕਰ ਦਿੱਤੀ, ਕਹੋ, **"ਮੈਂ ਬਿਨਾ ਵਾਰੰਟ ਤੋਂ ਤਲਾਸ਼ੀ ਦੀ ਇਜਾਜ਼ਤ ਨਹੀਂ ਦਿੰਦਾ।"**
- ਜੇ ਉਹ ਤੁਹਾਨੂੰ ਗਿਰਫ਼ਤਾਰ ਕਰ ਰਹੇ ਹਨ, ਉਹਨਾਂ ਨੂੰ ਆਪਣੀ ਸਿਹਤ ਬਾਰੇ ਜਾਂ ਬੱਚਿਆਂ ਦੀ ਜਰੂਰੀ ਸੰਭਾਲ ਦੀ ਲੋੜ ਬਾਰੇ ਸੂਚਿਤ ਕਰੋ।

## ਮੇਰੀ ਗਿਰਫਤਾਰੀ ਵੇਲੇ ਮੇਰੇ ਕੀ ਹੱਕ ਹਨ ?

- ਤੁਹਾਨੂੰ ਚੁੱਪ ਰਹਿਣਾ ਦਾ ਹੱਕ ਹੈ। ਤੁਹਾਨੂੰ ਆਪਣੇ ਵਕੀਲ ਨਾਲ ਗੱਲ ਕਰਨ ਦਾ ਹੱਕ ਹੈ।
- ਝੂਠ ਨਾ ਬੋਲੋ। ਇਸ ਦਾ ਤੁਹਾਨੂੰ ਅੱਗੇ ਜਾ ਕੇ ਨੁਕਸਾਨ ਹੀ ਹੋਵੇਗਾ ।
- ਤੁਹਾਨੂੰ ਆਪਣੇ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਦੇਣ ਦੀ ਜ਼ਰੂਰਤ ਨਹੀਂ ਹੈ। ਉਹਨਾਂ ਨੂੰ ਕਹੋ ਕਿ ਤੁਸੀਂ ਆਪਣੇ ਵਕੀਲ ਨਾਲ ਗੱਲ ਕਰਨਾ ਚਾਹੁੰਦੇ ਹੋ।
- ਤੁਹਾਨੂੰ ਆਪਣੇ ਕਿਸੇ ਵੀ ਤਰ੍ਹਾਂ ਦੇ ਕਾਗਜ਼ (ਪਾਸਪੋਰਟ, ਕੌਂਸਲਰ ਪਛਾਣ-ਪੱਤਰ) ਉਹਨਾਂ ਨੂੰ ਦੇਣ ਦੀ ਜ਼ਰੂਰਤ ਨਹੀਂ ਹੈ, ਜਦ ਤੱਕ ਉਹਨਾਂ ਕੋਲ ਵਾਰੰਟ ਨਾ ਹੋਵੇ।
- ਤੁਹਾਨੂੰ ਕਿਸੇ ਵੀ ਕਾਗਜ਼ ਤੇ ਦਸਤਖ਼ਤ ਕਰਨ ਦੀ ਲੋੜ ਨਹੀਂ ਹੈ।

---

ਸਿੱਖ ਫੈਮਿਲੀ ਸੈਂਟਰ ਨੇ ਇਸ ਜਾਣਕਾਰੀ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਹੈ। ਹੋਰ ਜਾਣਕਾਰੀ ਜੀ ਸੁਵਿਧਾਵਾਂ ਲਈ ਫੋਨ ਕਰ ਸਕਦੇ ਹੋ (ਗੁਪਤ ਤੇ ਮੁਫ਼ਤ): 408-800-SEVA (7382)

ਆਈ.ਡੀ .ਪੀ ਦੀ ਇਹ ਜਾਣਕਾਰੀ ਸੈਂਟਰ ਫ਼ਾਰ ਕੰਸਟੀਟੂਸ਼ਨਲ ਰਾਈਟਸ ਦੀ ਸਹਾਇਤਾ ਨਾਲ ਨਵੰਬਰ 2016 ਤੱਕ ਅੱਪਡੇਟਿਡ ਹੈ। ਵਧੇਰੇ ਜਾਣਕਾਰੀ ਲਈ ਇਮਿੰਗਰੈਂਟ ਡਿਫੈਂਸ ਪ੍ਰੋਜੈਕਟ (ਪਰਵਾਸੀ ਸੁਰੱਖਿਆ ਅਭਿਆਨ) ਦੀ ਵਿਸਥਾਰ ਕਿਤਾਬ ਪੜ੍ਹੋ - immdefense.org/ice-arrests

IMMIGRANT DEFENSE PROJECT
immigrantdefenseproject.org
KYR@immdefense.org